## **ਪਵਿੱਤਰਤਾਈ ਦਾ ਅਰਥ**

ਫ੍ਰੈਂਕਲਿਨ ਦੇ ਨੋਟਸ

**ਪਵਿੱਤਰਤਾਈ** ਇੱਕ ਬਹੁਤ ਹੀ ਮਹੱਤਵਪੂਰਣ ਅਤੇ ਇੱਕ ਅਜਿਹਾ ਸ਼ਬਦ ਹੈ ਜਿਸ ਬਾਰੇ ਸਾਨੂੰ **ਸਾਫ਼-ਸਾਫ਼ ਸਮਝ** ਹੋਣੀ ਚਾਹੀਦੀ ਹੈ। ਇਸ ਦੇ ਬਹੁਤ ਸਾਰੇ ਮਹੱਤਵਪੂਰਣ ਅਰਥ ਹਨ:

(1) **ਅੱਡ ਕਰਨਾ** ਅਤੇ (2) **ਪਵਿੱਤਰ** ਬਣਾਉਣਾ। ਇਹ ਦੋਵੇਂ ਅਰਥ ਇੱਕੋ ਯੂਨਾਨੀ ਸ਼ਬਦ ਤੋਂ ਆਉਂਦੇ ਹਨ।

**ਇਸ ਦੀ ਵਿਆਖਿਆ ਦੋ ਵੱਖ-ਵੱਖ ਤਰੀਕਿਆਂ ਨਾਲ ਕੀਤੀ ਜਾਂਦੀ ਹੈ:**

(1) ਅਸੀਂ ਭੂਤਕਾਲ ਵਿੱਚ **ਪਵਿੱਤਰ ਕੀਤੇ ਗਏ ਹਾਂ** ਅਤੇ ਇਸ ਦੇ ਨਿਰੰਤਰ ਅਤੇ ਕਦੇ ਨਾ ਬਦਲਣ ਵਾਲੇ ਨਤੀਜੇ ਜਾਰੀ ਹਨ। ਇਹੋ ਹੈ ਜੋ ਪ੍ਰਭੂ ਨੇ ਸਾਡੇ ਲਈ ਕੀਤਾ ਹੈ। ਉਸ ਨੇ ਸਾਨੂੰ ਆਪਣੇ ਲਈ **ਅੱਡ ਕਰ ਲਿਆ** ਹੈ, ਸਾਨੂੰ **ਸ਼ੁੱਧ ਕੀਤਾ** ਹੈ ਅਤੇ ਆਪਣੇ ਪੁੱਤਰ ਯਿਸੂ ਮਸੀਹ ਦੇ ਲਹੂ ਦੇ ਰਾਹੀਂ **ਸਾਨੂੰ ਪਵਿੱਤਰ ਕੀਤਾ** ਹੈ।

(2) ਪਵਿੱਤਰ ਲਿਖਤਾਂ ਸਾਡੀ **ਆਪਣੇ ਆਪ ਨੂੰ ਪਵਿੱਤਰ ਰੱਖਣ** ਦੀ **ਸਾਡੀ ਜ਼ਿੰਮੇਦਾਰੀ** ਬਾਰੇ ਵੀ ਦੱਸਦੀਆਂ ਹਨ। ਅਰਥਾਤ **ਆਪਣੇ ਆਪ ਨੂੰ** ਸੰਸਾਰਕ ਤੌਰ-ਤਰੀਕਿਆਂ ਤੋਂ **ਅੱਡ ਕਰਨਾ** ਅਤੇ ਇੱਕ ਪਵਿੱਤਰ ਜੀਵਨ ਜੀਉਣਾ।

ਇਹੋ ਸਾਡਾ ਅਧਿਐਨ ਹੈ:

I. **ਪ੍ਰਭੂ ਨੇ ਸਾਡੇ ਲਈ ਇਹ ਕੀਤਾ ਹੈ:** ਉਸ ਨੇ ਸਾਨੂੰ ਸਧਾਰਣ ਦਸ਼ਾ ਤੋਂ **ਅੱਡ ਕੀਤਾ** ਹੈ ਅਤੇ ਸਾਨੂੰ ਆਪਣੇ ਲਈ ਇਸਤੇਮਾਲ ਕਰਦਾ ਹੈ।

ਸਭ ਤੋਂ ਪਹਿਲਾਂ ਕੂਚ 13:2 ਵਿੱਚ ਸਪਸ਼ਟ ਕੀਤਾ ਗਿਆ ਹੈ; ਅਸੀਂ ਪੜ੍ਹਦੇ ਹਾਂ ਕਿ ਇੱਕ ਦਿਨ ਨੂੰ, ਇੱਕ ਪਹਾੜ ਨੂੰ, ਇੱਕ ਜਗਵੇਦੀ ਨੂੰ ਅਤੇ ਕੁਝ ਖਾਸ ਪਸ਼ੂਆਂ ਨੂੰ ਪਵਿੱਤਰ ਠਹਿਰਾਇਆ ਗਿਆ। **ਅਰਥਾਤ: "ਪਰਮੇਸ਼ਰ ਦੇ ਖਾਸ ਸੇਵਾ ਲਈ ਅੱਡ ਕੀਤਾ ਗਿਆ"**

ਇਬਰਾਨੀਆਂ 9:19-22 ਕਿਉਂਕਿ ਜਾਂ ਮੂਸਾ ਸ਼ਰਾ ਦੇ ਅਨੁਸਾਰ ਸਾਰੀ ਪਰਜਾ ਨੂੰ ਹਰੇਕ ਹੁਕਮ ਸੁਣਾ ਹਟਿਆ ਤਾਂ ਵੱਛਿਆਂ ਅਤੇ ਬੱਕਰਿਆਂ ਦਾ **ਲਹੂ** ਪਾਣੀ ਅਤੇ ਕਿਰਮਚੀ ਉੱਨ ਅਤੇ ਜੂਫੇ ਨਾਲ ਲੈ ਕੇ ਉਸ **ਪੁਸਤਕ** ਅਤੇ **ਸਾਰਿਆਂ ਲੋਕਾਂ** ਉੱਤੇ ਛਿੜਕ ਕੇ ਆਖਿਆ। 20 ਭਈ ਇਹ ਉਸ ਨੇਮ ਦਾ **ਲਹੂ** ਹੈ ਜਿਹ ਦਾ ਪਰਮੇਸ਼ੁਰ ਨੇ ਤੁਹਾਨੂੰ ਹੁਕਮ ਦਿੱਤਾ। 21 ਅਤੇ ਇਸੇ ਤਰਾਂ ਉਹ ਨੇ **ਤੰਬੂ** ਉੱਤੇ ਅਤੇ ਸੇਵਕਾਈ ਦੀ ਸਾਰੀ **ਸਾਮਗਰੀ** ਉੱਤੇ ਲਹੂ ਛਿੜਕਿਆ। 22 ਅਤੇ ਸ਼ਰਾ ਦੇ ਅਨੁਸਾਰ ਲਗ ਭਗ **ਸਾਰੀਆਂ ਵਸਤਾਂ ਲਹੂ** ਨਾਲ **ਸ਼ੁੱਧ ਕੀਤੀਆਂ ਜਾਂਦੀਆਂ** ਹਨ ਅਤੇ ਬਿਨਾ **ਲਹੂ** ਵਹਾਏ **ਮਾਫ਼ੀ** ਹੁੰਦੀ ਹੀ ਨਹੀਂ।

- ਇਨ੍ਹਾਂ ਗੱਲਾਂ ਦੇ ਮਹੱਤਵ ਤੇ ਧਿਆਨ ਦਿਓ: ਸਾਰੀਆਂ ਵਸਤਾਂ **ਲਹੂ ਨਾਲ ਸ਼ੁੱਧ ਕੀਤੀਆਂ ਜਾਂਦੀਆਂ** ਹਨ ਅਤੇ ਬਿਨਾ **ਲਹੂ** ਵਹਾਏ **ਮਾਫ਼ੀ ਹੁੰਦੀ ਹੀ ਨਹੀਂ**। ਸਾਡੇ ਲਈ ਯਿਸੂ ਦਾ ਲਹੂ ਵਹਾਇਆ ਗਿਆ ਹੈ।

- ਇਸ ਲਈ **ਮਾਫ਼ ਕੀਤੇ ਗਏ** ਅਤੇ ਜੇ **ਮਾਫ਼ ਕੀਤੇ ਗਏ** ਅਤੇ **ਸ਼ੁੱਧ** ਹਾਂ ਤਾਂ ਫਿਰ **ਪਵਿੱਤਰ** ਹਾਂ। ਇਹ ਸਭ ਗੱਲਾਂ ਯੂਨਾਨੀ ਭਾਸ਼ਾ ਦੇ ਇੱਕੋ ਸ਼ਬਦ ਦੇ ਅਰਥ ਵਿੱਚ ਮਿਲਦੀਆਂ ਹਨ।

**ਅਸੀਂ ਇਹੋ ਹਾਂ** ਅਤੇ **ਮਸੀਹ ਵਿੱਚ**

ਇਹੋ **ਸਾਡੀ ਸਦੀਪਕ ਅਵਸਥਾ** ਹੈ।

- ਇਹ **ਕਰ ਦਿੱਤਾ ਗਿਆ**, **ਸੰਪੂਰਨ** ਅਤੇ **ਪੂਰਾ ਹੋ ਚੁੱਕਿਆ** ਕੰਮ ਹੈ, ਜਿਵੇਂ ਕਿ ਯਿਸੂ ਨੇ ਕਿਹਾ, **ਪੂਰਾ ਹੋਇਆ**। ਯੂਹੰਨਾ 19:30 ਉਸ ਦੇ ਚੁਣੇ ਹੋਏ ਬਲੀਦਾਨ **ਯਿਸੂ ਮਸੀਹ ਦੇ ਲਹੂ** ਨੇ ਸਾਡੇ ਸਾਰਿਆਂ ਲਈ ਸਲੀਬ ਉੱਤੇ ਇਸ ਕੰਮ ਨੂੰ ਪੂਰਾ ਕੀਤਾ।

- ਸਾਡਾ ਪਿਤਾ ਪਰਮੇਸ਼ੁਰ ਆਪਣੇ ਪੁੱਤਰ ਦੇ ਬਲੀਦਾਨ ਨੂੰ ਇਸੇ ਦ੍ਰਿਸ਼ਟੀ ਨਾਲ **ਵੇਖਦਾ ਹੈ** ਅਤੇ **ਸਾਨੂੰ ਵੀ** ਇਸੇ ਤਰ੍ਹਾਂ **ਵੇਖਦਾ ਹੈ**। ਯਿਸੂ ਮਸੀਹ ਵਿੱਚ ਹਰੇਕ ਵਿਸ਼ਵਾਸੀ
  **ਪਵਿੱਤਰ ਹੈ। ਮੈਂ ਪਵਿੱਤਰ ਹਾਂ! ਤੁਸੀਂ ਪਵਿੱਤਰ ਹੋ!**

ਬਿਵਸਥਾ ਸਾਰ 7:6 ਕਿਉਂ ਜੋ **ਤੁਸੀਂ** ਯਹੋਵਾਹ ਆਪਣੇ ਪਰਮੇਸ਼ੁਰ ਲਈ **ਇੱਕ ਪਵਿੱਤ੍ਰ ਪਰਜਾ ਹੋ** ਅਤੇ ਯਹੋਵਾਹ ਤੁਹਾਡੇ ਪਰਮੇਸ਼ੁਰ ਨੇ **ਤੁਹਾਨੂੰ ਚੁਣ ਲਿਆ** ਕਿ ਤੁਸੀਂ ਸਾਰੀ ਜ਼ਮੀਨ ਦੇ ਉੱਪਰ ਦੇ **ਸਾਰੇ ਲੋਕਾਂ ਵਿੱਚੋਂ** ਉਸ ਦੀ ਨਿੱਜੀ ਪਰਜਾ (ਜਾਂ ਖਾਸ ਬੇਸ਼ਕੀਮਤੀ ਖਜ਼ਾਨਾ) ਹੋਵੋ। ਹਾਂ, ਇਹ ਇਸਰਾਏਲੀਆਂ ਦੇ ਵਿਖੇ ਕਿਹਾ ਗਿਆ ਅਤੇ ਸਾਫ਼ ਹੈ ਕਿ ਉਨ੍ਹਾਂ ਦੇ ਵਿਹਾਰ ਨਾਲ ਇਸ ਦਾ ਕੋਈ ਸੰਬੰਧ ਨਹੀਂ ਸੀ। ਇਹੋ ਸਾਡੇ ਵਿਖੇ ਵੀ ਕਿਹਾ ਗਿਆ ਹੈ।

ਪਰਮੇਸ਼ੁਰ ਦੀ ਹੈਕਲ **ਪਵਿੱਤਰ** ਹੈ ਅਤੇ **ਇਹੋ ਤੁਸੀਂ ਹੋ**। 1 ਕੁਰਿੰਥੀਆਂ 3:17

1. ਇਹ ਉਦੋਂ ਹੁੰਦਾ ਹੈ ਜਦੋਂ ਅਸੀਂ ਵਿਸ਼ਵਾਸ ਕਰਦੇ ਹਾਂ, ਜਦੋਂ ਅਸੀਂ ਧਰਮੀ ਠਹਿਰਾਏ ਜਾਂਦੇ ਹਾਂ।
   - ਰਸੂਲਾਂ ਦੇ ਕਰਤੱਬ 26:18 ਤਾਂ ਜੋ ਤੂੰ **ਉਨ੍ਹਾਂ ਦੀਆਂ ਅੱਖਾਂ ਨੂੰ ਖੋਲ੍ਹ ਦੇਵੇਂ** ਭਈ ਓਹ ਅਨ੍ਹੇਰੇ ਤੋਂ ਚਾਨਣ ਦੀ ਵੱਲ ਅਤੇ ਸ਼ਤਾਨ ਦੇ ਵੱਸ ਤੋਂ ਪਰਮੇਸ਼ੁਰ ਦੀ ਵੱਲ **ਮੁੜਨ** ਕਿ ਓਹ ਪਾਪਾਂ ਦੀ **ਮਾਫ਼ੀ ਅਤੇ ਉਨ੍ਹਾਂ** ਵਿੱਚ ਜੋ **ਮੇਰੇ ਉੱਤੇ ਨਿਹਚਾ ਕਰ ਕੇ** ***ਪਵਿੱਤ੍ਰ ਹੋਏ ਹਨ** ਵਿਰਸਾ ਪਾਉਣ।

*ਇੱਕ ਅਜਿਹਾ ਸੰਪੂਰਨ ਹੋ ਚੁੱਕਿਆ ਕੰਮ ਜਿਹੜਾ ਅਤੀਤ ਵਿੱਚ ਸਲੀਬ ਉੱਤੇ ਹੋਇਆ ਅਤੇ ਜਿਸ ਦੇ ਨਤੀਜੇ ਨਿਰੰਤਰ ਜਾਰੀ ਹਨ।

*ਯੂਨਾਨੀ #37: ἁγιάζω ਹੈ ਜਿਆਜ਼ੋ **ਪਵਿੱਤਰ ਕਰਨਾ**, ਸ਼ੁੱਧ ਜਾਂ **ਅਰਪਣ ਕਰਨਾ**, **ਪਵਿੱਤਰ ਹੋਣਾ**, **ਪਵਿੱਤਰ ਕਰਨਾ**। ਪੂਰਨ ਕਾਲ – ਅਤੀਤ ਵਿੱਚ ਹੋਇਆ ਇੱਕ ਕੰਮ ਜਿਸ ਦੇ ਨਤੀਜੇ ਨਿਰੰਤਰ ਜਾਰੀ ਹਨ। ਕਰਮਵਾਚ – ਇਹ ਅਸੀਂ ਨਹੀਂ ਕੀਤਾ, ਸਗੋਂ ਸਾਡੇ ਲਈ ਕੀਤਾ ਗਿਆ ਅਤੇ ਸਾਨੂੰ ਦਿੱਤਾ ਗਿਆ।

ਰਸੂਲਾਂ ਦੇ ਕਰਤੱਬ 20:32 ਹੁਣ ਮੈਂ ਤੁਹਾਨੂੰ ਪਰਮੇਸ਼ੁਰ ਅਰ ਉਹ ਦੀ ਕਿਰਪਾ ਦੇ ਬਚਨ ਦੇ ਸਪੁਰਦ ਕਰਦਾ ਹਾਂ ਜਿਹੜਾ ਤੁਹਾਨੂੰ ਸਿੱਧ ਬਣਾ ਸੱਕਦਾ ਹੈ ਅਤੇ ਤੁਹਾਨੂੰ **ਸਰਬੱਤ ਪਵਿੱਤ੍ਰ ਕੀਤਿਆਂ ਹੋਇਆਂ** ਵਿੱਚ ਅਧਿਕਾਰ ਦੇ ਸੱਕਦਾ ਹੈ। ਉਹੀ ਸ਼ਬਦ: ਪੂਰਨ ਕਾਲ, ਕਰਮਵਾਚ। ਇੱਕ ਪੂਰਾ ਹੋ ਚੁੱਕਿਆ ਸੰਪੂਰਨ ਕੰਮ

2. ਇਸ ਵਿੱਚ ਸਾਰੇ ਵਿਸ਼ਵਾਸੀ ਸ਼ਾਮਲ ਹਨ ਅਤੇ ਇਸੇ ਲਈ ਸਾਨੂੰ ਸੰਤ ਕਿਹਾ ਜਾਂਦਾ ਹੈ

- 1 ਕੁਰਿੰਥੀਆਂ 1:2 ਅੱਗੇ ਜੋਗ ਪਰਮੇਸ਼ੁਰ ਦੀ **ਕਲੀਸਿਯਾ** ਨੂੰ ਜਿਹੜੀ ਕੁਰਿੰਥੁਸ ਵਿੱਚ ਹੈ ਅਰਥਾਤ **ਓਹਨਾਂ ਨੂੰ** ਜਿਹੜੇ ਮਸੀਹ ਯਿਸੂ ਵਿੱਚ ***ਪਵਿੱਤਰ ਕੀਤੇ ਹੋਏ** ਅਤੇ ****ਸੰਤ** ਹੋਣ ਲਈ ਸੱਦੇ ਹੋਏ ਹਨ ਉਨ੍ਹਾਂ **ਸਭਨਾਂ** ਸਣੇ ਜਿਹੜੇ **ਹਰੇਕ ਥਾਂ** ਸਾਡੇ ਪ੍ਰਭੁ ਯਿਸੂ ਮਸੀਹ ਦਾ ਨਾਮ ਲੈਂਦੇ ਹਨ ਜੋ ਉਨ੍ਹਾਂ ਦਾ ਨਾਲੇ ਸਾਡਾ ਪ੍ਰਭੁ ਹੈ।
  ਯੂਨਾਨੀ *ἁγιάζω – ਕਿਰਿਆ ** ἅγιος – ਉਸੇ ਸ਼ਬਦ ਦਾ ਵਿਸ਼ੇਸ਼ਣ

3. ਇਹ ਉਸ ਦਾ ਕੰਮ ਹੈ – ਉਸ ਦੀ ਜ਼ਿੰਮੇਦਾਰੀ।

- 1 ਕੁਰਿੰਥੀਆਂ 1:30 ਪਰ **ਉਸ ਤੋਂ** ਤੁਸੀਂ ਮਸੀਹ ਯਿਸੂ ਵਿੱਚ ਹੋ ਜਿਹੜਾ ਪਰਮੇਸ਼ੁਰ ਦੀ ਵੱਲੋਂ ਸਾਡੇ ਲਈ ਗਿਆਨ ਅਤੇ ਧਰਮ ਅਤੇ **ਪਵਿੱਤਰਤਾਈ** ਅਤੇ ਨਿਸਤਾਰਾ ਬਣਾਇਆ ਗਿਆ ਸੀ। 31 ਭਈ ਜਿਵੇਂ ਲਿਖਿਆ ਹੋਇਆ ਹੈ, ਜੋ ਕੋਈ ਅਭਮਾਨ ਕਰੇ ਸੋ ਪ੍ਰਭੁ ਵਿੱਚ ਕਰੇ।

  ਅਸੀਂ ਇਸ ਨੂੰ ਕਮਾਇਆ ਨਹੀਂ ਹੈ ਜਾਂ ਇਸ ਦੇ ਹੱਕਦਾਰ ਨਹੀਂ ਹਾਂ !

4. ਇਹ ਪੂਰਾ ਕਰ ਦਿੱਤਾ ਗਿਆ ਹੈ। ਇਹ ਪੂਰਾ ਹੋ ਗਿਆ ਹੈ। ਇਹ ਹੋ ਚੁੱਕਾ ਹੈ। ਇਹ ਸਭ ਹੋਇਆ ਹੈ ਸਾਡੇ **ਪਰਮੇਸ਼ਰ ਪਿਤਾ ਦੀ ਕਿਰਪਾ** ਅਤੇ ਉਸ ਦੇ ਪੁੱਤਰ ਯਿਸੂ ਮਸੀਹ ਦੇ ਬਲੀਦਾਨ ਦੁਆਰਾ।

- 1 ਕੁਰਿੰਥੀਆਂ 6:11 ਅਤੇ ਤੁਹਾਡੇ ਵਿੱਚੋਂ ਕਈਕੁ ਏਹੋ ਜੇਹੇ ਸਨ ਪਰ ਪ੍ਰਭੁ ਯਿਸੂ ਮਸੀਹ ਦੇ ਨਾਮ ਤੋਂ ਅਤੇ ਸਾਡੇ ਪਰਮੇਸ਼ੁਰ ਦੇ ਆਤਮਾ ਤੋਂ **ਤੁਸੀਂ** ਧੋਤੇ ਗਏ ਅਰ ਤੁਸੀਂ **ਪਵਿੱਤਰ ਕੀਤੇ ਗਏ** ਅਰ ਤੁਸੀਂ ਧਰਮੀ ਠਹਿਰਾਏ ਗਏ।

5. ਇਹੋ ਸਵਰਗ ਵਿੱਚ ਸਾਡਾ ਪ੍ਰਵੇਸ਼ ਹੈ

- 2 ਥੱਸਲੁਨੀਕੀਆਂ 2:13 ਪਰ ਹੇ ਭਰਾਵੋ, ਪ੍ਰਭੁ ਦੇ **ਪਿਆਰਿਓ**, ਸਾਨੂੰ ਚਾਹੀਦਾ ਹੈ ਜੋ ਤੁਹਾਡੇ ਲਈ ਸਦਾ ਪਰਮੇਸ਼ੁਰ ਦਾ ਧੰਨਵਾਦ ਕਰੀਏ ਇਸ ਕਰਕੇ ਜੋ ਪਰਮੇਸ਼ੁਰ ਨੇ **ਆਦ ਤੋਂ** ਹੀ ਤੁਹਾਨੂੰ **ਚੁਣ ਲਿਆ** ਭਈ ਤੁਹਾਨੂੰ ਆਤਮਾ ਤੋਂ **ਪਵਿੱਤਰ** ਹੋਣ ਨਾਲ ਅਤੇ ਸੱਚ ਨੂੰ ਮੰਨਣ ਨਾਲ **ਮੁਕਤੀ** ਹੱਥ ਆਵੇ।

- ਜੇ ਅਸੀਂ ਉਸ ਦੀ ਕਿਰਪਾ ਦੇ ਦੁਆਰਾ ਸ਼ੁੱਧ ਅਤੇ ਪਵਿੱਤਰ ਨਾ ਕੀਤੇ ਜਾਂਦੇ ਤਾਂ ਅਸੀਂ ਬਚਾਏ ਨਾ ਜਾਂਦੇ ਅਤੇ ਉਸ ਦੀ ਹਜ਼ੂਰੀ ਵਿੱਚ ਪ੍ਰਵੇਸ਼ ਨਾ ਕਰ ਪਾਉਂਦੇ।

6. ਸਾਡੀ ਪਵਿੱਤਰਤਾ ਦਾ ਕੰਮ ਸਲੀਬ ਉੱਤੇ ਪੂਰਾ ਕੀਤਾ ਗਿਆ।

- ਇਬਰਾਨੀਆਂ 10:10 ਅਤੇ ਉਸੇ ਇੱਛਿਆ ਕਰਕੇ **ਅਸੀਂ** ਯਿਸੂ ਮਸੀਹ ਦੀ **ਦੇਹੀ** ਦੇ ਇੱਕੋ ਵਾਰ **ਚੜ੍ਹਾਏ ਜਾਣ** ਦੇ ਰਾਹੀਂ **ਪਵਿੱਤਰ ਕੀਤੇ ਗਏ ਹਾਂ**।
- ਇਬਰਾਨੀਆਂ 13:12 ਇਸ ਲਈ ਯਿਸੂ ਨੇ ਵੀ ਭਈ ਲੋਕਾਂ ਨੂੰ **ਆਪਣੇ ਲਹੂ ਨਾਲ** **ਪਵਿੱਤਰ ਕਰੇ** ਫਾਟਕੋਂ ਬਾਹਰ ਦੁਖ ਝੱਲਿਆ।
- ਕੁਲੁੱਸੀਆਂ 1:22 ਉਸ ਨੇ ਹੁਣ ਉਹ ਦੀ ਮਾਸ ਦੀ ਕਾਇਆਂ ਨਾਲ ਮੌਤ ਦੇ ਵਸੀਲੇ **ਮਿਲਾ ਲਿਆ ਤਾਂ ਜੋ ਉਹ ਤੁਹਾਨੂੰ** **ਪਵਿੱਤਰ** (ἁγιοµς – ਉਹੀ ਸ਼ਬਦ), **ਨਿਰਦੋਸ਼**, ਅਤੇ **ਬੇਇਲਜ਼ਾਮ** ਆਪਣੇ ਸਨਮੁਖ ਖੜਾ ਕਰੇ।

- 1 ਕੁਰਿੰਥੀਆਂ 1:7-9 . . . ਸਾਡਾ ਪ੍ਰਭੁ ਯਿਸੂ ਮਸੀਹ . . . ਤੁਹਾਨੂੰ ਅੰਤ ਤੀਕ ਕਾਇਮ ਵੀ ਰੱਖੇਗਾ ਭਈ ਤੁਸੀਂ ਸਾਡੇ ਪ੍ਰਭੁ ਯਿਸੂ ਮਸੀਹ ਦੇ ਦਿਨ **ਨਿਰਦੋਸ਼** ਹੋਵੋ।

- ਕੁਲੁੱਸੀਆਂ 1:22 **ਉਸ ਨੇ** ਹੁਣ ਉਹ ਦੀ ਮਾਸ ਦੀ ਕਾਇਆਂ ਨਾਲ ਮੌਤ ਦੇ ਵਸੀਲੇ **ਮਿਲਾ ਲਿਆ** ਤਾਂ ਜੋ ਉਹ ਤੁਹਾਨੂੰ **ਪਵਿੱਤਰ**, **ਨਿਰਦੋਸ਼**, ਅਤੇ **ਬੇਇਲਜ਼ਾਮ** ਆਪਣੇ ਸਨਮੁਖ ਖੜਾ ਕਰੇ।

- ਯਹੂਦਾਹ 24-25 ਹੁਣ ਜਿਹੜਾ ਸਮਰੱਥ ਹੈ ਜੋ ਤੁਹਾਨੂੰ ਠੇਡੇ ਖਾਣ ਤੋਂ ਬਚਾ ਸੱਕਦਾ ਅਤੇ ਤੁਹਾਨੂੰ **ਆਪਣੀ ਮਹਿਮਾ** ਦੇ ਸਨਮੁਖ ਅਨੰਦ ਸਹਿਤ **ਨਿਰਮਲ** ਖੜਾ ਕਰ ਸੱਕਦਾ ਹੈ। 25 ਉਸੇ ਦੀ ਅਰਥਾਤ ਉਸ ਅਦੁਤੀ ਪਰਮੇਸ਼ੁਰ ਦੀ ਜੋ ਸਾਡਾ ਮੁਕਤੀ ਦਾਤਾ ਹੈ ਸਾਡੇ ਪ੍ਰਭੁ ਯਿਸੂ ਮਸੀਹ ਦੇ ਰਾਹੀਂ ਸਭਨਾਂ ਜੁੱਗਾਂ ਤੋਂ ਪਹਿਲਾਂ ਅਤੇ ਹੁਣ ਵੀ ਅਤੇ ਸਭਨਾਂ ਜੁੱਗਾਂ ਤੀਕੁਰ ਮਹਿਮਾ, ਪਰਾਕ੍ਰਮ, ਮਹਾਨਤਾ ਅਤੇ ਇਖ਼ਤਿਆਰ ਹੋਵੇ। ਆਮੀਨ।

ਸਰਬਸ਼ਕਤੀਮਾਨ ਪ੍ਰਭੂ ਪਰਮੇਸ਼ਰ ਦੇ ਸਾਹਮਣੇ ਇਹੋ ਸਾਡੀ **ਸਦੀਪਕ** ਅਵਸਥਾ ਹੈ।
ਜਿਸ ਦ੍ਰਿਸ਼ਟੀ ਨਾਲ ਉਹ ਅੱਜ ਸਾਨੂੰ ਵੇਖਦਾ ਹੈ।

ਯਿਸੂ ਮਸੀਹ ਦਾ ਹਰੇਕ ਵਿਸ਼ਵਾਸੀ ਪਰਮੇਸ਼ਰ ਦੀ **ਦਇਆ** ਅਤੇ **ਕਿਰਪਾ** ਦੇ ਦੁਆਰਾ
ਅਤੇ ਯਿਸੂ ਮਸੀਹ ਦੇ ਬਲੀਦਾਨ ਅਤੇ ਉਸ ਦੇ ਉਸ ਲਹੂ ਦੁਆਰਾ **ਪਵਿੱਤਰ ਹੈ**
**ਜੋ ਤੁਹਾਡੇ ਲਈ ਵਹਾਇਆ ਜਾਂਦਾ ਹੈ**। ਲੂਕਾ 22:19-20 **ਤੁਸੀਂ ਪਵਿੱਤਰ ਹੋ** !

---

## ਪਵਿੱਤਰਤਾ ਦਾ ਦੂਜਾ ਅਰਥ:

### II. ਧਰਤੀ ਉੱਤੇ ਸਾਡੀ ਅਵਸਥਾ: ਮੈਂ ਪਵਿੱਤਰ ਬਣ ਰਿਹਾ ਹਾਂ।

- ਲੇਵੀਆਂ 20:26 ਅਤੇ **ਤੁਸੀਂ** ਮੇਰੇ ਅੱਗੇ **ਪਵਿੱਤ੍ਰ ਹੋਵੋ** ਕਿਉਂ ਜੋ ਮੈਂ ਪਵਿੱਤ੍ਰ ਹਾਂ ਅਤੇ **ਆਪਣੇ ਬਣਾਉਣ ਲਈ** ਮੈਂ ਤੁਹਾਨੂੰ ਹੋਰਨਾਂ ਲੋਕਾਂ ਤੋਂ **ਵੱਖਰੇ ਕੀਤਾ** (ਹੇਠ ਦਿੱਤੀ ਆਇਤ ਨੂੰ ਵੇਖੋ)।
- 2 ਕੁਰਿੰਥੀਆਂ 6:16-18 ਅਸੀਂ ਤਾਂ **ਅਕਾਲ ਪੁਰਖ ਦੀ ਹੈਕਲ ਹਾਂ** ਜਿਵੇਂ ਪਰਮੇਸ਼ੁਰ ਨੇ ਬਚਨ ਕੀਤਾ— ਮੈਂ ਓਹਨਾਂ ਵਿੱਚ ਵਾਸ ਕਰਾਂਗਾ ਅਤੇ ਫਿਰਿਆ ਕਰਾਂਗਾ, ਮੈਂ ਓਹਨਾਂ ਦਾ ਪਰਮੇਸ਼ੁਰ ਹੋਵਾਂਗਾ, ਅਤੇ ਓਹ ਮੇਰੀ ਪਰਜਾ ਹੋਣਗੇ। 17 **ਇਸ ਲਈ ਉਨ੍ਹਾਂ ਵਿੱਚੋਂ ਨਿੱਕਲ ਆਓ ਅਤੇ ਅੱਡ ਹੋਵੋ**, ਪ੍ਰਭੁ ਆਖਦਾ ਹੈ, ਅਤੇ ਕਿਸੇ ਭ੍ਰਿਸ਼ਟ ਵਸਤ ਨੂੰ ਹੱਥ ਨਾ ਲਾਓ, ਮੈਂ ਤੁਹਾਨੂੰ ਕਬੂਲ ਕਰ ਲਵਾਂਗਾ (ਸ਼ਾਬਦਿਕ ਅਨੁਵਾਦ), 18 ਅਰ ਤੁਹਾਡਾ ਪਿਤਾ ਹੋਵਾਂਗਾ ਅਤੇ ਤੁਸੀਂ ਮੇਰੇ ਪੁੱਤ੍ਰ ਧੀਆਂ ਹੋਵੋਗੇ। ਇਹ ਬਚਨ ਸਰਬ ਸ਼ਕਤੀਮਾਨ ਪ੍ਰਭੁ ਦਾ ਹੈ।

1. ਪਵਿੱਤਰ ਆਤਮਾ ਸਾਡੇ ਅੰਦਰ ਕੰਮ ਕਰਦੇ ਹੋਏ ਸਾਨੂੰ ਬੇਨਤੀ ਕਰਦਾ ਹੈ, ਸਾਨੂੰ ਵਿਖਾਉਂਦਾ ਹੈ ਅਤੇ ਸਿਖਾਉਂਦਾ ਹੈ ਕਿ ਅਸੀਂ ਯਿਸੂ ਦੀ ਆਗਿਆਕਾਰੀ ਕਰੀਏ

   - ਲੂਕਾ 6:46 ਤੁਸੀਂ ਮੈਨੂੰ "ਪ੍ਰਭੁ, ਪ੍ਰਭੁ" ਕਰਕੇ ਕਿਉਂ ਪੁਕਾਰਦੇ ਹੋ ਪਰ ਜੋ ਮੈਂ ਕਹਿੰਦਾ ਹਾਂ ਸੋ ਨਹੀਂ ਕਰਦੇ?

   - 1 ਪਤਰਸ 1:1-2 ਅੱਗੇ ਜੋਗ **ਉਨ੍ਹਾਂ** ਪਰਦੇਸੀਆਂ ਨੂੰ . . . ਜਿਹੜੇ ਪਿਤਾ ਪਰਮੇਸ਼ੁਰ ਦੇ ਅਗੇਤ੍ਰੇ ਗਿਆਨ ਦੇ ਅਨੁਸਾਰ **ਆਤਮਾ ਤੋਂ ਪਵਿੱਤਰ ਹੋਣ ਨਾਲ** (ἁγιοςμς – ਉਹੀ ਸ਼ਬਦ) **ਚੁਣੇ ਹੋਏ** ਹਨ ਭਈ **ਆਗਿਆਕਾਰ** ਹੋਣ ਅਤੇ ਯਿਸੂ ਮਸੀਹ ਦਾ ਲਹੂ ਉਨ੍ਹਾਂ ਉੱਤੇ ਛਿੜਕਿਆ ਜਾਵੇ। ਤੁਹਾਡੇ ਲਈ ਕਿਰਪਾ ਅਤੇ ਸ਼ਾਂਤੀ ਵੱਧ ਤੋਂ ਵੱਧ ਹੁੰਦੀ ਜਾਵੇ।

2. ਸਾਨੂੰ ਯਿਸੂ ਵਾਂਗ ਪਵਿੱਤਰ ਬਣਨਾ ਅਤੇ ਪਵਿੱਤਰ ਹੋਣਾ ਜ਼ਰੂਰੀ ਹੈ

1 ਪਤਰਸ 1:14-16 ਅਤੇ **ਆਗਿਆਕਾਰ ਬੱਚਿਆਂ** ਵਾਂਙੁ ਆਪਣੀ ਅਗਿਆਨਤਾ ਦੇ ਪਹਿਲੇ ਸਮੇਂ ਦੀਆਂ ਕਾਮਨਾਂ ਦੇ ਸਰੂਪ ਜੇਹੇ ਨਾ ਬਣੋ। 15 ਸਗੋਂ ਜਿਵੇਂ ਤੁਹਾਡਾ ਸੱਦਣ ਵਾਲਾ ਪਵਿੱਤਰ ਹੈ ਤੁਸੀਂ **ਆਪ ਭੀ** ਤਿਵੇਂ ਹੀ **ਆਪਣੀ ਸਾਰੀ ਚਾਲ ਵਿੱਚ ਪਵਿੱਤਰ ਬਣੋ** (ἅγιομς – ਉਹੀ ਸ਼ਬਦ)। 16 ਕਿਉਂ ਜੋ ਇਹ ਲਿਖਿਆ ਹੋਇਆ ਹੈ ਭਈ ਤੁਸੀਂ ਪਵਿੱਤਰ ਬਣੋ ਇਸ ਲਈ ਜੋ ਮੈਂ ਪਵਿੱਤਰ ਹਾਂ।

ਬਿਵਸਥਾ ਸਾਰ 23:14 ਕਿਉਂ ਜੋ ਯਹੋਵਾਹ ਤੁਹਾਡਾ ਪਰਮੇਸ਼ੁਰ ਤੁਹਾਡੀ ਛੌਣੀ ਦੇ ਵਿੱਚ ਫਿਰਦਾ ਹੈ ਤਾਂ ਜੋ ਉਹ ਤੁਹਾਨੂੰ ਛੁਡਾਵੇ ਅਤੇ ਤੁਹਾਡੇ ਵੈਰੀਆਂ ਨੂੰ ਤੁਹਾਡੇ ਅੱਗੇ ਲਾ ਦੇਵੇ ਤਾਂ ਹੀ **ਤੁਹਾਡੀ ਛੌਣੀ ਪੱਵਿਤ੍ਰ ਹੋਵੇ** ਮਤੇ ਉਹ ਤੁਹਾਡੇ ਵਿੱਚ ਕੋਈ ਬੇਸ਼ਰਮੀ ਦੀ ਗੱਲ ਵੇਖ ਕੇ ਮੁੜ ਜਾਵੇ।

ਕਿਉਂ? ਇਸ ਨਾਲ ਉਸ ਦੁਸ਼ਟ ਨੂੰ ਤੁਹਾਨੂੰ ਪਰੇਸ਼ਾਨ ਕਰਨ ਦਾ ਢੁੱਕਵਾਂ ਅਧਿਕਾਰ ਮਿਲ ਜਾਂਦਾ ਹੈ।

ਇਬਰਾਨੀਆਂ 10:13-14 ਅਤੇ ਇਦੋਂ ਅੱਗੇ ਉਡੀਕ ਕਰਦਾ ਹੈ ਜੋ ਉਹ ਦੇ ਵੈਰੀ ਉਹ ਦੇ ਪੈਰ ਰੱਖਣ ਦੀ ਚੌਂਕੀ ਕੀਤੇ ਜਾਣ। 14 ਕਿਉਂ ਜੋ ਉਹ ਨੇ **ਇੱਕੋ ਭੇਟ ਨਾਲ** ਉਨ੍ਹਾਂ ਨੂੰ ਜਿਹੜੇ ***ਪਵਿੱਤਰ ਕੀਤੇ ਜਾਂਦੇ** ਹਨ **ਸਦਾ ਲਈ ਸੰਪੂਰਨ ਕੀਤਾ** ਹੈ।

*ਵਰਤਮਾਨ ਕਰਮਵਾਚੀ ਕ੍ਰਿਦੰਤ

ਇਸ ਆਇਤ ਵਿੱਚ ਦੋਵੇਂ ਸਚਾਈਆਂ ਮਿਲਦੀਆਂ ਹਨ। **ਸਦੀਪਕ ਸਚਾਈ**: ਮੈਂ **ਸਦਾ ਲਈ ਸੰਪੂਰਨ**, **ਪਵਿੱਤਰ** ਹਾਂ। **ਸੰਸਾਰਕ ਸਥਿਤੀ** -> **ਮੈਂ ਪਵਿੱਤਰ ਕੀਤਾ ਜਾ ਰਿਹਾ ਹਾਂ** – ਇਹ ਸਾਡੇ ਜੀਵਨਾਂ ਵਿੱਚ ਉਸ ਦਾ ਨਿਰੰਤਰ ਜਾਰੀ ਕੰਮ ਹੈ ਜਦੋਂ ਅਸੀਂ ਉਸ ਦੀ ਆਗਿਆਕਾਰੀ ਕਰਦੇ ਹਾਂ ਅਤੇ ਇਸ ਤਰ੍ਹਾਂ ਉਸ ਦੁਸ਼ਟ ਵੱਲੋਂ ਦਿੱਤੀ ਜਾਣ ਵਾਲੀ ਪਰੇਸ਼ਾਨੀ ਤੋਂ ਬਚਾਏ ਜਾਂਦੇ ਹਾਂ।

2 ਕੁਰਿੰਥੀਆਂ 7:1 ਸੋ ਹੇ ਪਿਆਰਿਓ, ਜਦੋਂ ਏਹ ਬਚਨ ਸਾਨੂੰ ਦਿੱਤੇ ਹੋਏ ਹਨ ਤਾਂ ਆਓ, ਅਸੀਂ **ਆਪਣੇ ਆਪ ਨੂੰ** ਸਰੀਰ ਅਤੇ ਆਤਮਾ ਦੀ ਸਾਰੀ ਮਲੀਨਤਾਈ ਤੋਂ **ਸ਼ੁੱਧ ਕਰਕੇ** ਪਰਮੇਸ਼ੁਰ ਦੇ ਭੌ ਨਾਲ **ਪਵਿੱਤਰਤਾਈ ਨੂੰ ਸੰਪੂਰਨ ਕਰੀਏ**। ਸਾਡੀ ਭੂਮਿਕਾ।

2 ਤਿਮੋਥਿਉਸ 2:21 ਸੋ **ਜੇ ਕੋਈ ਆਪਣੇ ਆਪਣੇ ਨੂੰ** ਇਨ੍ਹਾਂ ਤੋਂ **ਸ਼ੁੱਧ ਕਰੇ** ਤਾਂ ਉਹ ਆਦਰ ਦੇ ਕੰਮ ਲਈ **ਪਵਿੱਤਰ ਕੀਤਾ ਹੋਇਆ** ਮਾਲਿਕ ਦੇ ਵਰਤਣ ਜੋਗ ਅਤੇ ਹਰੇਕ ਚੰਗੇ ਕੰਮ ਲਈ ਤਿਆਰ ਕੀਤਾ ਹੋਇਆ ਭਾਂਡਾ ਹੋਵੇਗਾ।

ਇਹ ਸਾਡੀ ਜ਼ਿੰਮੇਦਾਰੀ ਹੈ।

ਖੁਸ਼ਖਬਰੀ ਇਹ ਹੈ -> ਜੇ ਅਸੀਂ ਯਿਸੂ ਦੇ ਨਾਲ ਕੰਮ ਕਰਾਂਗੇ ਤਾਂ ਉਹ ਵੀ ਸਾਡੇ ਨਾਲ ਕੰਮ ਕਰੇਗਾ ਅਤੇ ਸਾਡੀ ਸਹਾਇਤਾ ਕਰੇਗਾ।

ਅਫ਼ਸੀਆਂ 5:25-28 **ਮਸੀਹ** ਨੇ ਵੀ **ਕਲੀਸਿਯਾ ਨਾਲ ਪ੍ਰੇਮ ਕੀਤਾ** ਅਤੇ **ਆਪਣੇ ਆਪ ਨੂੰ ਉਸ ਦੇ ਲਈ ਦੇ ਦਿੱਤਾ** (ਕਿਉਂ?) 26 **ਭਈ ਉਸ ਨੂੰ ਜਲ ਦੇ ਅਸ਼ਨਾਨ ਤੋਂ ਬਾਣੀ ਨਾਲ** (ਕਿਉਂ?) **ਸ਼ੁੱਧ** ਕਰ ਕੇ **ਪਵਿੱਤਰ ਕਰੇ** (ਕਿਵੇਂ?) 27 ਤਾਂਕਿ ਉਹ ਉਸ ਨੂੰ **ਆਪਣੇ ਲਈ** ਇਹੋ ਜਿਹੀ ਪਰਤਾਪਵਾਨ ਕਲੀਸਿਯਾ **ਤਿਆਰ ਕਰੇ** ਜਿਹ ਦੇ ਵਿੱਚ **ਕਲੰਕ ਯਾ ਬੱਜ** ਯਾ ਕੋਈ ਹੋਰ ਅਜਿਹਾ ਔਗੁਣ **ਨਾ ਹੋਵੇ** ਸਗੋਂ ਉਹ **ਪਵਿੱਤਰ** ਅਤੇ **ਨਿਰਮਲ** ਹੋਵੇ।

- ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਉਸ ਦੇ ਵਚਨ ਨੂੰ ਪੜ੍ਹਨ ਅਤੇ ਇਸ ਦਾ ਅਧਿਐਨ ਕਰਨ ਦੁਆਰਾ ਹਰ ਦਿਨ ਉਸ ਨੂੰ ਸਾਨੂੰ ਸ਼ੁੱਧ ਕਰਨ ਦੇਈਏ।

1 ਥੱਸਲੁਨੀਕੀਆਂ 4:3-8 **ਪਰਮੇਸ਼ੁਰ ਦੀ ਇੱਛਿਆ ਤੁਹਾਡੀ ਪਵਿੱਤਰਤਾਈ ਦੀ ਹੈ** ਭਈ ਤੁਸੀਂ ਹਰਾਮਕਾਰੀ ਤੋਂ ਬਚੇ ਰਹੋ। 4 ਅਤੇ ਤੁਹਾਡੇ ਵਿੱਚੋਂ ਹਰ ਕੋਈ ਆਪਣੇ ਲਈ ਇਸਤ੍ਰੀ ਨੂੰ **ਪਵਿੱਤਰਤਾਈ** ਅਤੇ ਪਤ ਨਾਲ ਪਰਾਪਤ ਕਰਨਾ ਜਾਣੇ। 5 ਨਾ ਕਾਮ ਦੀ ਵਾਸ਼ਨਾ ਨਾਲ ਪਰਾਈਆਂ ਕੌਮਾਂ ਵਾਂਙੁ ਜਿਨ੍ਹਾਂ ਨੂੰ ਪਰਮੇਸ਼ੁਰ ਦਾ ਗਿਆਨ ਨਹੀਂ। 6 ਅਤੇ ਕੋਈ ਇਸ ਗੱਲ ਵਿੱਚ ਅਪਰਾਧੀ ਨਾ ਹੋਵੇ, ਨਾ ਆਪਣੇ ਭਾਈ ਨਾਲ ਵਾਧਾ ਕਰੇ ਕਿਉਂ ਜੋ ਪ੍ਰਭੁ ਇਨ੍ਹਾਂ ਸਭਨਾਂ ਗੱਲਾਂ ਦਾ ਬਦਲਾ ਲੈਣ ਵਾਲਾ ਹੈ ਜਿਵੇਂ ਅਸਾਂ ਅੱਗੇ ਵੀ ਤੁਹਾਨੂੰ ਆਖਿਆ ਅਤੇ ਸਾਖੀ ਦਿੱਤੀ ਸੀ। 7 ਕਿਉਂ ਜੋ ਪਰਮੇਸ਼ੁਰ ਨੇ ਸਾਨੂੰ ਪਲੀਤੀ ਲਈ ਨਹੀਂ ਸਗੋਂ **ਪਵਿੱਤਰਤਾਈ** (ਜਾਂ ਪਵਿੱਤਰਤਾ, ਉਹੀ ਯੂਨਾਨੀ ਸ਼ਬਦ) ਵਿੱਚ ਸੱਦਿਆ। 8 ਉਪਰੰਤ ਜੋ ਕੋਈ ਇਹ ਨੂੰ ਰੱਦਦਾ ਹੈ ਸੋ ਮਨੁੱਖ ਨੂੰ ਨਹੀਂ ਸਗੋਂ ਪਰਮੇਸ਼ੁਰ ਨੂੰ ਰੱਦਦਾ ਹੈ ਜਿਹੜਾ ਆਪਣਾ ਪਵਿੱਤਰ ਆਤਮਾ ਤੁਹਾਨੂੰ ਦਿੰਦਾ ਹੈ।

1 ਯੂਹੰਨਾ 3:2-3 ਅਸੀਂ ਉਸ ਦੇ ਜਿਹੇ ਬਣਨਾ ਉਦੋਂ ਸ਼ੁਰੂ ਹੁੰਦੇ ਹਾਂ ਜਦੋਂ ਸਾਡੇ ਅੰਦਰ ਉਸ ਜਿਹੇ ਬਣਨ ਦੀ ਇੱਛਾ ਪੈਦਾ ਹੁੰਦੀ ਹੈ।

ਹੇ ਪਿਆਰਿਓ, ਅਸੀਂ ਹੁਣ ਪਰਮੇਸ਼ੁਰ ਦੇ **ਬਾਲਕ** ਹਾਂ ਅਤੇ ਅਜੇ ਇਹ ਪਰਗਟ ਨਹੀਂ ਹੋਇਆ ਭਈ ਅਸੀਂ ਕੀ ਕੁਝ ਹੋਵਾਂਗੇ ! ਅਸੀਂ ਇਹ ਜਾਣਦੇ ਹਾਂ ਭਈ ਜਦ ਉਹ ਪਰਗਟ ਹੋਵੇਗਾ ਤਾਂ ਅਸੀਂ ਉਹ ਦੇ ਵਰਗੇ ਹੋਵਾਂਗੇ ਕਿਉਂ ਜੋ ਉਹ ਜਿਹਾ ਹੈ ਤਿਹਾ ਹੀ ਉਹ ਨੂੰ ਵੇਖਾਂਗੇ। 3ਅਤੇ ਹਰ ਕੋਈ ਜਿਹੜਾ ਓਸ ਉੱਤੇ ਇਹ ਆਸ ਰੱਖਦਾ ਹੈ **ਆਪਣੇ ਆਪ ਨੂੰ ਪਵਿੱਤਰ ਕਰਦਾ ਹੈ** ਜਿਵੇਂ ਉਹ ਪਵਿੱਤਰ ਹੈ।

ਸੋ ਅਸੀਂ ਵੇਖਦੇ ਹਾਂ ਕਿ ਮਸੀਹ "**ਵਿੱਚ**" ਸਾਡੀ ਸਦੀਪਕ ਅਵਸਥਾ ਇਹ ਹੈ:

ਅਸੀਂ ਸ਼ੁੱਧ ਕੀਤੇ ਗਏ ਹਾਂ। ਅਸੀਂ ਪਵਿੱਤਰ ਹਾਂ। **ਇਹ ਉਸ ਦਾ ਕੰਮ ਹੈ।**

ਅਤੇ ਜਦੋਂ ਮਸੀਹ ਸਾਡੇ "**ਵਿੱਚ**" ਹੁੰਦਾ ਹੈ ਤਾਂ ਸੰਸਾਰ ਵਿੱਚ ਸਾਡੀ ਹਰ ਦੀ ਅਵਸਥਾ ਇਹ ਹੁੰਦੀ ਹੈ:

ਸਾਨੂੰ ਪਵਿੱਤਰ ਹੁੰਦੇ ਜਾਣ ਦੀ, ਇਸ ਵੱਲ ਵਧਦੇ ਜਾਣ ਦੀ, ਹੋਰ ਜ਼ਿਆਦਾ ਪਵਿੱਤਰ ਹੁੰਦੇ ਜਾਣ ਦੀ ਜ਼ਰੂਰਤ ਹੈ।

ਵੱਧ ਤੋਂ ਵੱਧ ਪਵਿੱਤਰ, ਆਪਣੇ ਵਿਹਾਰ ਵਿੱਚ ਅੱਡ ਕੀਤੇ ਹੋਏ।

ਇਹੋ ਸਾਡੀ ਜ਼ਿੰਮੇਦਾਰੀ ਹੈ। ਸਾਡਾ ਕੰਮ।

ਪਾਪ ਦਾ ਸਾਹਮਣਾ ਕਰਨ ਅਤੇ ਪਵਿੱਤਰਤਾ ਦਾ ਪਿੱਛਾ ਕਰਨ ਦਾ ਸਾਡੇ ਪਿਤਾ ਦੇ ਲਈ ਕਿੰਨਾ ਮਹੱਤਵ ਹੈ, ਇਹ ਵਚਨ ਦੇ ਇਸ ਹਿੱਸੇ ਵਿੱਚ ਵਿਖਾਈ ਦਿੰਦਾ ਹੈ:

ਇਬਰਾਨੀਆਂ 12:4-11 ਤੁਸਾਂ **ਪਾਪ ਨਾਲ ਲੜਦੇ ਹੋਏ** ਅਜੇ **ਲਹੂ ਦੇ ਵਹਾਏ ਜਾਣ ਤੀਕੁਰ ਸਾਹਮਣਾ ਨਹੀਂ ਕੀਤਾ।** 5 ਅਤੇ ਤੁਸੀਂ ਉਸ ਉਪਦੇਸ਼ ਨੂੰ ਭੁੱਲ ਗਏ ਹੋ ਜਿਸ ਤੋਂ ਤੁਹਾਨੂੰ ਪੁੱਤ੍ਰਾਂ ਵਾਂਙੁ ਸਮਝਾਈਦਾ ਹੈ,- ਹੇ ਮੇਰੇ ਪੁੱਤ੍ਰ, ਤੂੰ ਪ੍ਰਭੁ ਦੀ **ਤਾੜ** ਨੂੰ ਤੁੱਛ ਨਾ ਜਾਣ, ਅਤੇ ਜਾਂ ਉਹ ਤੈਨੂੰ ਝਿੜਕੇ ਤਾਂ ਅੱਕ ਜਾਈਂ, 6 ਕਿਉਂ ਜੋ **ਜਿਹ ਦੇ ਨਾਲ ਪਿਆਰ ਕਰਦਾ ਹੈ, ਪ੍ਰਭੁ ਉਹ ਨੂੰ ਤਾੜਦਾ ਹੈ**, ਅਤੇ ਹਰੇਕ ਪੁੱਤ੍ਰ ਨੂੰ ਜਿਹ ਨੂੰ ਉਹ ਕਬੂਲ ਕਰਦਾ ਹੈ, ਉਹ ਕੋਰੜੇ ਮਾਰਦਾ ਹੈ। 7 ਤੁਸੀਂ ਸਹਾਰਾ ਜੋ ਕਰਦੇ ਹੋ ਇਹ **ਤਾੜੇ ਜਾਣ ਦੇ ਨਮਿੱਤ** ਹੈ। ਪਰਮੇਸ਼ੁਰ ਤੁਹਾਡੇ ਨਾਲ ਅਜਿਹਾ ਵਰਤਦਾ ਹੈ ਜਿਹਾ ਪੁੱਤ੍ਰਾਂ ਨਾਲ, ਕਿਉਂ ਜੋ ਉਹ ਕਿਹੜਾ ਪੁੱਤ੍ਰ ਹੈ ਜਿਹ ਨੂੰ ਪਿਉ ਨਹੀਂ ਤਾੜਦਾ ? 8 ਪਰ **ਜੇ ਤੁਸੀਂ ਉਸ ਤਾੜਨਾ ਬਿਨਾ ਰਹੇ** ਜਿਹ ਦੇ ਵਿੱਚ ਸੱਭੇ ਸਾਂਝੀ ਹੋਏ ਹਨ ਤਾਂ ਤੁਸੀਂ ਪੁੱਤ੍ਰ ਨਹੀਂ ਸਗੋਂ ਹਰਾਮ ਦੇ ਹੋ ! 9 ਫੇਰ ਸਾਡੇ ਸਰੀਰਕ ਪਿਉ ਸਨ ਜਿਹੜੇ ਤਾੜਨਾ ਕਰਦੇ ਸਨ ਅਤੇ ਅਸਾਂ ਓਹਨਾਂ ਦਾ ਆਦਰ ਕੀਤਾ। ਤਾਂ ਭਲਾ, ਅਸੀਂ ਬਹੁਤ ਵਧੀਕ ਆਤਮਿਆਂ ਦੇ ਪਿਤਾ ਦੇ ਅਧੀਨ ਨਾ ਹੋਈਏ ਅਤੇ ਜੀਵੀਏ ? 10 ਓਹ ਤਾਂ ਥੋੜੇ ਦਿਨਾਂ ਦੇ ਲਈ ਆਪਣੀ ਸਮਝ ਦੇ ਅਨੁਸਾਰ ਤਾੜਨਾ ਕਰਦੇ ਸਨ **ਪਰ ਇਹ ਲਾਭ ਦੇ ਲਈ ਕਰਦਾ ਹੈ ਭਈ ਅਸੀਂ ਉਹ ਦੀ ਪਵਿੱਤਰਤਾਈ ਵਿੱਚ**

**ਸਾਂਝੀ ਹੋਈਏ**। 11 ਸਾਰੀ ਤਾੜਨਾ ਤਾਂ ਓਸ ਵੇਲੇ ਅਨੰਦ ਦੀ ਨਹੀਂ ਸਗੋਂ ਸੋਗ ਦੀ ਗੱਲ ਸੁੱਝਦੀ ਹੈ ਪਰ ਮਗਰੋਂ ਉਹ ਓਹਨਾਂ ਨੂੰ ਜਿਹੜੇ ਉਹ ਦੇ ਨਾਲ ਸਿਧਾਏ ਗਏ ਹਨ **ਧਰਮ ਦਾ ਸ਼ਾਂਤੀ-ਦਾਇਕ ਫਲ ਦਿੰਦੀ ਹੈ**। 14 ਸਭਨਾਂ ਨਾਲ ਮੇਲ ਰੱਖਣ ਦਾ **ਪਿੱਛਾ ਕਰੋ** ਅਤੇ **ਪਵਿੱਤਰਤਾਈ ਦਾ ਜਿਹ ਦੇ ਬਿਨਾ ਕੋਈ ਪ੍ਰਭੁ ਨੂੰ ਨਾ ਵੇਖੇਗਾ**।

ਇਬਰਾਨੀਆਂ 2:11 ਕਿਉਂਕਿ ਉਹ **ਜਿਹੜਾ ਪਵਿੱਤਰ ਕਰਦਾ ਹੈ** ਅਤੇ ਓਹ **ਜਿਹੜੇ ਪਵਿੱਤਰ ਕੀਤੇ ਜਾਂਦੇ ਹਨ** ਸੱਭੇ ਇੱਕ **ਤੋਂ** ਹੀ ਹਨ (ਉਤਾਂਹ ਤੋਂ ਜਨਮੇ)। ਇਸ ਕਰਕੇ ਉਹ ਉਨ੍ਹਾਂ ਨੂੰ ਭਰਾ ਆਖਣ ਤੋਂ ਨਹੀਂ ਸ਼ਰਮਾਉਂਦਾ।

---

ਇਹ ਦੋ ਹਿੱਸਿਆਂ ਵਾਲੀ ਸਚਾਈ ਸਾਡੀ ਮੁਕਤੀ ਵਿੱਚ ਵੀ ਵਿਖਾਈ ਦਿੰਦੀ ਹੈ।

ਅਸੀਂ ਬਚਾਏ ਗਏ ਹਾਂ ਅਤੇ ਹਰ ਦਿਨ ਬਚਾਏ ਜਾ ਰਹੇ ਹਾਂ।

ਅਫ਼ਸੀਆਂ 2:4-10 ਪਰੰਤੂ ਪਰਮੇਸ਼ੁਰ ਨੇ ਜਿਹੜਾ **ਦਯਾ ਦਾ ਧਨੀ** ਹੈ **ਆਪਣੇ ਉਸ ਵੱਡੇ ਪ੍ਰੇਮ ਕਰਕੇ ਜਿਸ ਤੋਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ**, 5 ਜਦੋਂ ਅਸੀਂ ਅਪਰਾਧਾਂ ਦੇ ਕਾਰਨ ਮੁਰਦੇ ਹੀ ਸਾਂ ਤਦੋਂ **ਸਾਨੂੰ** ਮਸੀਹ ਦੇ ਨਾਲ **ਜਿਵਾਲਿਆ** (**ਕਿਰਪਾ ਤੋਂ ਹੀ ਤੁਸੀਂ ਬਚਾਏ ਗਏ ਹੋ**) 6 ਅਤੇ ਉਹ ਨੇ **ਸਾਨੂੰ** ਉਸ ਦੇ ਨਾਲ **ਉਠਾਇਆ** ਅਰ **ਸਾਨੂੰ** ਮਸੀਹ ਯਿਸੂ ਵਿੱਚ ਸੁਰਗੀ ਥਾਵਾਂ ਉੱਤੇ ਉਸ ਦੇ ਨਾਲ **ਬਹਾਲਿਆ** 7 ਭਈ ਉਸ ਦਿਆਲਗੀ ਨਾਲ ਜੋ ਮਸੀਹ ਯਿਸੂ ਵਿੱਚ ਸਾਡੇ ਉੱਤੇ ਹੈ ਉਹ ਆਉਣ ਵਾਲਿਆਂ ਜੁੱਗਾਂ ਵਿੱਚ ਆਪਣੀ **ਕਿਰਪਾ ਦਾ ਬੇਹੱਦ ਧਨ** ਉਜਾਗਰ ਕਰੇ 8 ਕਿਉਂ ਜੋ **ਤੁਸੀਂ ਕਿਰਪਾ ਤੋਂ** ਨਿਹਚਾ ਦੇ ਰਾਹੀਂ **ਬਚਾਏ ਗਏ** ਅਤੇ ਇਹ ਤੁਹਾਡੀ ਵੱਲੋਂ ਨਹੀਂ ਇਹ ਪਰਮੇਸ਼ੁਰ ਦੀ ਬਖ਼ਸ਼ੀਸ਼ ਹੈ 9 ਇਹ ਕਰਨੀਆਂ ਤੋਂ ਨਹੀਂ ਅਜਿਹਾ ਨਾ ਹੋਵੇ ਭਈ ਕੋਈ ਘੁਮੰਡ ਕਰੇ।
ਇਹ ਹਵਾਲੇ ਵੀ ਵੇਖੋ: 2 ਤਿਮੋਥਿਉਸ 1:9; ਤੀਤੁਸ 3:5

1 ਕੁਰਿੰਥੀਆਂ 1:18-19 **ਸਲੀਬ ਦੀ ਕਥਾ** ਤਾਂ ਉਨ੍ਹਾਂ ਦੇ ਭਾਣੇ ਜਿਹੜੇ ਨਾਸ ਹੋ ਰਹੇ ਹਨ ਮੂਰਖਤਾਈ ਹੈ ਪਰੰਤੂ ਸਾਡੇ ਭਾਣੇ ਜਿਹੜੇ **ਬਚਾਏ ਜਾਂਦੇ ਹਾਂ** ਉਹ ਪਰਮੇਸ਼ੁਰ ਦੀ ਸ਼ਕਤੀ ਹੈ। 19 ਕਿਉਂ ਜੋ ਲਿਖਿਆ ਹੋਇਆ ਹੈ, —ਮੈਂ ਬੁੱਧਵਾਨਾਂ ਦੀ ਬੁੱਧ ਦਾ ਨਾਸ ਕਰਾਂਗਾ, ਅਤੇ ਚਤਰਿਆਂ ਦੀ ਚਤਰਾਈ ਨੂੰ ਰੱਦ ਕਰਾਂਗਾ।

> ਲੂਕਾ 9:23 ਉਸ ਨੇ ਸਭਨਾਂ ਨੂੰ ਆਖਿਆ, ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ **ਆਪਣੇ ਆਪ ਦਾ ਇਨਕਾਰ ਕਰੇ** ਅਤੇ **ਰੋਜ਼ ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ**।

ਫਿਲਿੱਪੀਆਂ 2:12-13 **ਇਸ ਲਈ, ਹੇ ਪਿਆਰਿਓ**, ਜਿਵੇਂ ਤੁਸਾਂ ਸਦਾ ਆਗਿਆਕਾਰੀ ਕੀਤੀ ਨਿਰੇ ਮੇਰੇ ਹੁੰਦਿਆਂ ਨਹੀਂ ਸਗੋਂ ਹੁਣ ਵਧੀਕ ਮੇਰੇ ਪਰੋਖੇ ਹੁੰਦਿਆਂ ਤੁਸੀਂ ਡਰਦੇ ਅਤੇ ਕੰਬਦੇ ਹੋਏ **"ਆਪਣੀ ਮੁਕਤੀ ਦਾ ਕੰਮ ਨਿਬਾਹੋ** (ਸਾਡੀ ਜ਼ਿੰਮੇਦਾਰੀ)। 13 ਕਿਉਂ ਜੋ ਪਰਮੇਸ਼ੁਰ ਹੀ ਹੈ ਜਿਹੜਾ **ਤੁਹਾਡੇ ਵਿੱਚ** ਮਨਸ਼ਾ ਤੇ ਅਮਲ ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ **ਪੈਦਾ ਕਰਦਾ ਹੈ**।

ਤੁਸੀਂ ਆਪਣੀ ਮੁਕਤੀ ਦਾ ਕੰਮ ਇਸ ਲਈ **ਨਿਬਾਹ ਸਕਦੇ** ਹੋ ਕਿਉਂਕਿ ਪਰਮੇਸ਼ੁਰ ਹੀ ਹੈ ਜਿਹੜਾ **ਤੁਹਾਡੇ ਵਿੱਚ ਮਨਸ਼ਾ** ਤੇ **ਅਮਲ** ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ **ਪੈਦਾ ਕਰਦਾ ਹੈ**।

**ਸਦੀਪਕ ਸਚਾਈ: ਮੈਂ ਸੰਪੂਰਨ, ਪਵਿੱਤਰ ਅਤੇ ਸਦਾ ਲਈ ਬਚਾਇਆ ਗਿਆ ਹਾਂ**

ਸਾਡੇ ਮੁਕਤੀਦਾਤੇ ਯਿਸੂ ਮਸੀਹ ਦੇ **ਵਡਮੁੱਲੇ ਲਹੂ** ਦੇ ਦੁਆਰਾ।

**ਸੰਸਾਰਕ ਸਥਿਤੀ** -> ਅਸੀਂ ਪਵਿੱਤਰ ਆਤਮਾ ਦੀ ਆਗਿਆਕਾਰੀ ਕਰਦੇ ਹੋਏ ਅਤੇ ਦੁਸ਼ਟ ਵੱਲੋਂ ਪੈਦਾ ਕੀਤੀ ਜਾਣ ਵਾਲੀ ਪਰੇਸ਼ਾਨੀ ਉੱਤੇ ਜੇਤੂ ਹੋ ਕੇ ਚੱਲਦੇ ਹੋਏ **ਪਵਿੱਤਰ ਬਣਨਾ ਹੈ -> ਜੋ ਅਸੀਂ ਹਾਂ ਉਹੀ ਬਣੇ ਰਹਿਣਾ ਹੈ**, ਆਪਣੀ ਮੁਕਤੀ ਦੇ ਕੰਮ ਨੂੰ ਨਿਬਾਹੁਣਾ ਹੈ।

ਪਰ **ਧੰਨਵਾਦ ਹੈ ਪਰਮੇਸ਼ੁਰ ਦਾ** ਜੋ **ਸਾਨੂੰ** ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ **ਫਤਹ ਬਖਸ਼ਦਾ ਹੈ** ! 1 ਕੁਰਿੰਥੀਆਂ 15:57

ਰੋਮੀਆਂ 10:9-10 ਕਿਉਂਕਿ ਜੇ ਤੂੰ ਆਪਣੇ ਮੂੰਹ ਨਾਲ ਪ੍ਰਭੂ ਯਿਸੂ ਦਾ ਇਕਰਾਰ ਕਰੇਂ ਅਤੇ ਆਪਣੇ **ਹਿਰਦੇ** ਨਾਲ **ਮੰਨ ਲਵੇਂ** ਜੋ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ **ਤੂੰ ਬਚਾਇਆ ਜਾਵੇਂਗਾ** (ਸਦੀਪਕ ਮੁਕਤੀ, ਜਿਸ ਦਾ ਸਬੂਤ ਹੈ . . .)।
10 **ਧਰਮ** ਲਈ ਤਾਂ **ਹਿਰਦੇ ਨਾਲ ਨਿਹਚਾ ਕਰੀਦੀ** (ਪ੍ਰਭੂ ਦੇ ਸਨਮੁੱਖ ਸਹੀ ਜੀਵਨ। ਇਸ ਧਾਰਮਿਕਤਾ ਲਈ ਕੇਵਲ ਵਿਸ਼ਵਾਸ ਕਰਨ ਦੀ ਜ਼ਰੂਰਤ ਹੈ। ਯਿਸੂ ਦੇ ਬਲੀਦਾਨ ਅਤੇ ਲਹੂ ਦੇ ਦੁਆਰਾ ਸਾਡੇ ਲਈ ਕੀਮਤ ਚੁਕਾ ਦਿੱਤੀ ਗਈ) ਅਤੇ **ਮੁਕਤੀ** ਲਈ **ਮੂੰਹ ਨਾਲ ਇਕਰਾਰ ਕਰੀਦਾ** ਹੈ।

- ਇੱਕ ਸੱਚਾ ਵਿਸ਼ਵਾਸੀ ਪ੍ਰਭੂ ਦੇ ਨਾਮ ਦਾ ਅੰਗੀਕਾਰ ਕਰਦਾ ਹੈ, ਇਸ ਨੂੰ ਬੋਲਦਾ ਹੈ, ਇਸ ਨੂੰ ਪੁਕਾਰਦਾ ਹੈ ਅਤੇ ਬਚਾਇਆ ਜਾਂਦਾ ਹੈ। (11 ਆਇਤ) ਨਾ ਕੇਵਲ ਸਦੀਪਕ ਮੁਕਤੀ ਲਈ, ਬਲਕਿ ਹਰ ਦਿਨ ਬਚਾਏ ਜਾਣ ਲਈ ਕਿਉਂਕਿ ਉਹ ਆਤਮਾ ਦੀ ਤਲਵਾਰ ਦੀ ਘੋਸ਼ਣਾ ਕਰਦਾ ਹੈ ਜੋ ਕਿ ਪਰਮੇਸ਼ਰ ਦਾ ਵਚਨ ਹੈ।

- ਮੱਤੀ 12:34 ਜੋ **ਮਨ** ਵਿੱਚ ਭਰਿਆ ਹੋਇਆ ਹੈ ਉਹੋ **ਮੂੰਹ ਉੱਤੇ ਆਉਂਦਾ** ਹੈ।

- ਪਰਕਾਸ਼ ਦੀ ਪੋਥੀ 12:10-11 ਅਤੇ ਮੈਂ ਇੱਕ ਵੱਡੀ ਅਵਾਜ਼ ਸੁਰਗ ਵਿੱਚ ਇਹ ਆਖਦੇ ਸੁਣੀ ਭਈ ਹੁਣ ਸਾਡੇ ਪਰਮੇਸ਼ੁਰ ਦੀ ਮੁਕਤੀ ਅਤੇ ਸਮਰੱਥਾ ਅਤੇ ਰਾਜ ਅਤੇ ਉਹ ਦੇ ਮਸੀਹ ਦਾ ਇਖ਼ਤਿਆਰ ਹੋ ਗਿਆ ਕਿਉਂ ਜੋ ਸਾਡੇ ਭਰਾਵਾਂ ਨੂੰ ਦੋਸ਼ ਲਾਉਣ ਵਾਲਾ ਜਿਹੜਾ ਸਾਡੇ ਪਰਮੇਸ਼ੁਰ ਦੇ ਹਜ਼ੂਰ ਓਹਨਾਂ ਉੱਤੇ ਰਾਤ ਦਿਨ ਦੋਸ਼ ਲਾਉਂਦਾ ਹੈ ਹੇਠਾਂ ਸੁੱਟਿਆ ਗਿਆ ਹੈ ! 11 ਅਤੇ **ਓਹਨਾਂ ਨੇ** (1) **ਲੇਲੇ ਦੇ ਲਹੂ** ਦੇ ਕਾਰਨ ਅਤੇ (2) **ਆਪਣੀ ਸਾਖੀ ਦੇ ਬਚਨ** ਦੇ ਕਾਰਨ (ਜੋ ਬੋਲਿਆ ਗਿਆ ਅਤੇ ਸੁਣਾਇਆ ਗਿਆ) **ਉਹ ਨੂੰ ਜਿੱਤ ਲਿਆ** ਅਤੇ ਮਰਨ ਤੀਕ ਆਪਣੀ ਜਾਨ ਨੂੰ ਪਿਆਰਾ ਨਾ ਜਾਤਾ।

ਵਿਸ਼ਵਾਸੀ ਨੂੰ ਇਹ ਕਿਹਾ ਗਿਆ ਹੈ ਕਿ ਉਹ ਆਪਣੇ ਦਿਲ ਦੀ ਰਾਖੀ ਲਈ
**ਧਰਮ** ਦੀ ਸੰਜੋ ਨੂੰ ਪਹਿਨੇ।

ਇਹ ਸੰਜੋ ਵੀ **ਦਿੱਤੀ** ਅਤੇ **ਮੁਹੱਈਆ ਕਰਾਈ ਗਈ ਹੈ**, ਪਰ ਇਸ ਨੂੰ **ਅਸੀਂ ਉਦੋਂ ਪਹਿਨਦੇ ਹਾਂ** ਜਦੋਂ ਸਾਡੇ ਦਿਲ ਅੰਦਰਲਾ ਭਰੋਸਾ ਸਾਡੇ ਦਿਮਾਗ ਅਤੇ ਸਾਡੇ ਮਨ ਵਿੱਚ ਪ੍ਰਵੇਸ਼ ਕਰਕੇ ਇਸ ਨੂੰ ਭਰ ਦਿੰਦਾ ਹੈ ਅਤੇ ਅਸੀਂ ਇਸ ਜੀਉਂਦੇ ਹਾਂ।

ਸਮਾਪਤ ਕਰਦੇ ਹੋਏ:

ਅਤੇ **ਆਗਿਆਕਾਰ ਬੱਚਿਆਂ** ਵਾਂਙੁ ਆਪਣੀ ਅਗਿਆਨਤਾ ਦੇ ਪਹਿਲੇ ਸਮੇਂ ਦੀਆਂ ਕਾਮਨਾਂ ਦੇ ਸਰੂਪ ਜੇਹੇ **ਨਾ** ਬਣੋ। 15 ਸਗੋਂ **ਜਿਵੇਂ** ਤੁਹਾਡਾ **ਸੱਦਣ ਵਾਲਾ ਪਵਿੱਤਰ** ਹੈ ਤੁਸੀਂ **ਆਪ ਭੀ** ਤਿਵੇਂ ਹੀ **ਆਪਣੀ ਸਾਰੀ ਚਾਲ ਵਿੱਚ ਪਵਿੱਤਰ ਬਣੋ**। 16 ਕਿਉਂ ਜੋ ਇਹ ਲਿਖਿਆ ਹੋਇਆ ਹੈ
**ਭਈ ਤੁਸੀਂ ਪਵਿੱਤਰ ਬਣੋ ਇਸ ਲਈ ਜੋ ਮੈਂ ਪਵਿੱਤਰ ਹਾਂ**। 1 ਪਤਰਸ 1:14-16